# ਪਬਲਿਕ ਨੋਟਿਸ

ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ 2019-20 ਦੇ ਰਹਿੰਦੇ ਬਾਕੀ ਸਮੇਂ (01.07.2019 ਤੋਂ 31.03.2020 ਤੱਕ) ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਵਿਖੇ ਸਥਿੱਤ ਸਾਈਕਲ/ਸਕੂਟਰ ਪਾਰਕਿੰਗ ਦੀ ਨਿਲਾਮੀ ਅਤੇ ਡੀ.ਏ.ਸੀ. ਦੀ ਸਾਫ ਸਫਾਈ, ਚਾਰ ਦੀਵਾਰੀ ਅੰਦਰ ਘਾਹ ਫੂਸ ਦੀ ਕਟਾਈ / ਬੂਟਿਆਂ ਦੀ ਸਾਂਭ ਸੰਭਾਲ ਲਈ ਮਾਲੀ ਅਤੇ ਸੁਰੱਖਿਆ ਲਈ ਗਾਰਡ ਮੁਹੱਈਆ ਕਰਵਾਉਣ ਲਈ ਮਿਤੀ 19.06.2019 ਨੂੰ ਬਾਅਦ ਦੁਪਹਿਰ 11:00 ਵਜੇ ਤੱਕ ਟੈਂਡਰ/ ਕੁਟੇਸ਼ਨਾਂ ਪ੍ਰਾਪਤ ਕੀਤੀਆਂ ਜਾਣਗੀਆਂ ਅਤੇ ਇਸੇ ਦਿਨ ਹੀ ਬਾਅਦ ਦੁਪਿਹਰ 12:00 ਵਜੇ ਬੋਲੀ ਹੋਵੇਗੀ ਅਤੇ ਟੈਂਡਰ/ ਕੁਟੇਸ਼ਨਾਂ ਖੋਲ੍ਹੀਆਂ ਜਾਣਗੀਆਂ। ਚਾਹਵਾਨ ਫਰਮਾਂ ਬੋਲੀ ਵਿੱਚ ਹਿੱਸਾ ਲੈ ਸਕਦੀਆਂ ਹਨ। ਇਸ ਬੋਲੀ ਸਬੰਧੀ ਸ਼ਰਤਾਂ ਦਫਤਰ ਦੇ ਨੋਟਿਸ ਬੋਰਡ ਤੇ ਵੇਖੀਆਂ ਜਾ ਸਕਦੀਆਂ ਹਨ ਅਤੇ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਵਿਖੇ ਸਥਿੱਤ ਕਮਰਾ ਨੰਬਰ 36, ਪਹਿਲੀ ਮੰਜ਼ਿਲ (ਨਜ਼ਾਰਤ ਸ਼ਾਖਾ) ਵਿਖੇ ਜ਼ਿਲ੍ਹਾ ਨਾਜ਼ਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਸਬੰਧੀ ਸ਼ਰਤਾਂ Website mansa.nic.in ਤੇ ਵੇਖੀਆਂ ਜਾ ਸਕਦੀਆਂ ਹਨ।

ਵਾ:ਡਿਪਟੀ ਕਮਿਸ਼ਨਰ-ਕਮ-ਚੇਅਰਮੈਨ,
ਓਪਰੇਸ਼ਨ ਐਂਡ ਮੈਨਟੀਨੈਂਸ ਸੋਸਾਇਟੀ
ਮਾਨਸਾ।

# ਨਿਲਾਮੀ ਨੋਟਿਸ

ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ 2019-20 ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਦੀ ਇਸ ਦਫਤਰ ਵੱਲੋ ਸਾਲ 2019-2020 (ਸਮਾਂ ਮਿਤੀ 01.07.2019 ਤੋਂ ਮਿਤੀ 31.03.2020 ਤੱਕ) ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਾਨਸਾ ਵਿਖੇ ਸਥਿੱਤ ਸਾਈਕਲ/ਸਕੂਟਰ ਪਾਰਕਿੰਗ ਦੀ ਨਿਲਾਮੀ ਅਤੇ ਡੀ.ਏ.ਸੀ. ਦੀ ਸਾਫ ਸਫਾਈ, ਚਾਰ ਦੀਵਾਰੀ ਅੰਦਰ ਘਾਹ ਫੂਸ ਦੀ ਕਟਾਈ / ਬੂਟਿਆਂ ਦੀ ਸਾਂਭ ਸੰਭਾਲ ਲਈ ਮਾਲੀ ਅਤੇ ਸੁਰੱਖਿਆ ਲਈ ਗਾਰਡ ਮੁਹੱਈਆ ਕਰਵਾਉਣ ਲਈ ਮਿਤੀ 19.06.2019 ਨੂੰ ਬਾਅਦ ਦੁਪਹਿਰ 11:00 ਵਜੇ ਤੱਕ ਟੈਂਡਰ/ ਕੁਟੇਸ਼ਨਾਂ ਪ੍ਰਾਪਤ ਕੀਤੀਆਂ ਜਾਣਗੀਆਂ ਅਤੇ ਇਸ ਦਿਨ ਹੀ ਬਾਅਦ ਦੁਪਿਹਰ 12:00 ਵਜੇ ਬੋਲੀ ਹੋਵੇਗੀ ਅਤੇ ਟੈਂਡਰ/ ਕੁਟੇਸ਼ਨਾਂ ਖੋਲ੍ਹੀਆਂ ਜਾਣਗੀਆਂ ਵਿਸਥਾਰਤ ਵੇਰਵਾ ਨਿਮਨ ਲਿਖਤ ਅਨੁਸਾਰ ਹੈ ਜੀ:-

1. ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਦੀ ਸਾਂਭ-ਸੰਭਾਲ ਲਈ ਦੋ ਸੁਰੱਖਿਆ ਗਾਰਡ ਮੁਹੱਈਆ ਕਰਵਾਉਣ ਲਈ ਰਜਿਸਟਰਡ ਫਰਮਾਂ ਪਾਸੋਂ ਮਿਤੀ 19.06.2019 ਨੂੰ ਸਵੇਰੇ 11:00: ਵਜੇ ਤੱਕ ਇਸ ਦਫਤਰ ਦੀ ਨਜ਼ਾਰਤ ਸ਼ਾਖਾ ਕਮਰਾ ਨੰਬਰ 36 ਵਿੱਚ ਟੈਂਡਰ/ ਕੁਟੇਸ਼ਨਾਂ ਪ੍ਰਾਪਤ ਕੀਤੀਆਂ ਜਾਣਗੀਆਂ, ਉਪਰੰਤ ਪ੍ਰਾਪਤ ਹੋਏ ਟੈਂਡਰ/ ਕੁਟੇਸ਼ਨਾਂ ਸਹਾਇਕ ਕਮਿਸ਼ਨਰ (ਜ) ਜੀ ਦੀ ਹਾਜ਼ਰੀ ਵਿੱਚ ਖੋਲੀਆਂ ਜਾਣਗੀਆ। ਇਸ ਠੇਕੇ ਦੀ ਸਕਿਓਰਟੀ ਵਜੋਂ ਰਕਮ ਮੁਬਲਿਗ 20,000/- ਰੁਪਏ ਨਕਦ/ਚੈੱਕ ਰਾਹੀਂ ਜ਼ਿਲ੍ਹਾ ਨਾਜ਼ਰ ਪਾਸ ਜਮ੍ਹਾਂ ਕਰਵਾਉਣੇ ਹੋਣਗੇ।

2. ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਦੀ ਸਾਫ-ਸਫਾਈ ਦਾ ਸਾਲ 2019-20 ਲਈ ਠੇਕਾ ਦੇਣ ਲਈ ਰਜਿਸਟਰਡ ਫਰਮਾਂ ਪਾਸੋਂ ਮਿਤੀ 19.06.2019 ਨੂੰ ਸਵੇਰੇ 11:00 ਵਜੇ ਤੱਕ ਇਸ ਦਫਤਰ ਦੀ ਨਜ਼ਾਰਤ ਸ਼ਾਖਾ ਕਮਰਾ ਨੰਬਰ 36 ਵਿੱਚ ਟੈਂਡਰ ਪ੍ਰਾਪਤ ਕੀਤੇ ਜਾਣਗੇ, ਉਪਰੰਤ ਪ੍ਰਾਪਤ ਹੋਏ ਟੈਂਡਰ/ ਕੁਟੇਸ਼ਨਾਂ ਸਹਾਇਕ ਕਮਿਸ਼ਨਰ (ਜ) ਜੀ ਦੀ ਹਾਜ਼ਰੀ ਵਿੱਚ ਖੋਲੇ ਜਾਣਗੇ।ਇਸ ਠੇਕੇ ਦੀ ਸਕਿਓਰਟੀ ਵਜੋਂ ਰਕਮ ਮੁਬਲਿਗ 20,000/- ਰੁਪਏ ਨਕਦ/ਚੈੱਕ ਰਾਹੀਂ ਜ਼ਿਲ੍ਹਾ ਨਾਜ਼ਰ ਪਾਸ ਜਮ੍ਹਾਂ ਕਰਵਾਉਣੇ ਹੋਣਗੇ।

3. ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਦੀ ਚਾਰ ਦੀਵਾਰੀ ਅੰਦਰ ਘਾਹ ਫੂਸ ਦੀ ਕਟਾਈ ਅਤੇ ਬੂਟਿਆਂ ਦੀ ਸਾਂਭ ਸੰਭਾਲ ਲਈ ਸਾਲ 2019-20 ਲਈ ਠੇਕਾ ਦੇਣ ਲਈ ਰਜਿਸਟਰਡ ਫਰਮਾਂ ਪਾਸੋਂ ਮਿਤੀ 19.06.2019 ਨੂੰ ਸਵੇਰੇ 11:00: ਵਜੇ ਤੋਂ ਪਹਿਲਾਂ ਇਸ ਦਫਤਰ ਦੀ ਨਜ਼ਾਰਤ ਸ਼ਾਖਾ ਕਮਰਾ ਨੰਬਰ 36 ਵਿੱਚ ਟੈਂਡਰ ਪ੍ਰਾਪਤ ਕੀਤੇ ਜਾਣਗੇ, ਉਪਰੰਤ ਪ੍ਰਾਪਤ ਹੋਏ ਟੈਂਡਰ ਵਧੀਕ ਡਿਪਟੀ ਕਮਿਸ਼ਨਰ (ਜ) ਜੀ ਦੀ ਹਾਜ਼ਰੀ ਵਿੱਚ ਖੋਲੇ ਜਾਣਗੇ।ਇਸ ਠੇਕੇ ਦੀ ਸਕਿਓਰਟੀ ਵਜੋਂ ਰਕਮ ਮੁਬਲਿਗ 20,000/- ਰੁਪਏ ਨਕਦ/ਚੈੱਕ ਰਾਹੀਂ ਜ਼ਿਲ੍ਹਾ ਨਾਜ਼ਰ ਪਾਸ ਜਮ੍ਹਾਂ ਕਰਵਾਉਣੇ ਹੋਣਗੇ।

4. ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਵਿਖੇ ਸਕਿੱਤ ਸਾਈਕਲ /ਸਕੂਟਰ ਪਾਰਕਿੰਗ ਦੀ ਸਾਲ 2019-20 ਲਈ ਠੇਕੇ ਦੀ ਬੋਲੀ . ਦੇਣ ਦੇ ਚਾਹਵਾਨ ਵਿਅੱਕਤੀ ਮਿਤੀ 19.06.2019 ਨੂੰ ਬਾਅਦ ਦੁਪਿਹਰ 12:00 ਵਜੇ ਸਹਾਇਕ ਕਮਿਸ਼ਨਰ (ਜ) ਜੀ ਦੇ ਦਫਤਰ ਵਿੱਚ ਹਾਜ਼ਰ ਹੋਣ। ਸਾਈਕਲ/ ਸਕੂਟਰ ਪਾਰਕਿੰਗ ਦੇ ਠੇਕੇ ਦੀ ਸਕਿਓਰਟੀ ਵਜੋਂ ਰਕਮ ਮੁਬਲਿਗ 50,000/- ਰੁਪਏ ਨਕਦ/ਚੈੱਕ ਰਾਹੀਂ ਬਤੌਰ ਜ਼ਮਾਨਤ ਜ਼ਿਲ੍ਹਾ ਨਾਜ਼ਰ ਪਾਸ ਸਵੇਰੇ 11:00 ਵਜੇ ਤੱਕ ਜਮ੍ਹਾਂ ਕਰਵਾਉਣੇ ਹੋਣਗੇ। ਸਫਲ ਬੋਲੀਕਾਰ ਵੱਲੋਂ ਅੰਤਿਮ ਬੋਲੀ ਦੀ ਕੁੱਲ ਰਕਮ ਦੀ ਪਹਿਲੀ ਤਿਮਾਹੀ ਦੀ ਕਿਸ਼ਤ ਇੱਕ ਹਫਤੇ ਦੇ ਅੰਦਰ ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ।

| ਲੜੀ ਨੰਬਰ | ਠੇਕੇ ਦਾ ਵੇਰਵਾ | ਰਿਜ਼ਰਵ ਕੀਮਤ ਸਾਲ 2018-19 | ਸਕਿਉਰਿਟੀ ਦੀ ਰਕਮ |
|---|---|---|---|
| 1. | ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਵਿਖੇ ਸਾਈਕਲ/ ਸਕੂਟਰ ਪਾਰਕਿੰਗ | 1,50,000/- | 50,000/- |
| 3. | ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਵਿਖੇ ਸਕਿਉਰਿਟੀ ਗਾਰਡ/ ਸਾਫ ਸਫਾਈ ਅਤੇ ਮਾਲੀ ਸਬੰਧੀ | ------ | 20,000/- ਪ੍ਰਤੀ ਠੇਕਾ |

ਉਪਰੋਕਤ ਸਬੰਧੀ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਸਮੇਂ ਅੰਦਰ ਇਸ ਦਫਤਰ ਦੇ ਨੋਟਿਸ ਬੋਰਡ ਤੇ ਵੇਖੀਆਂ ਜਾ ਸਕਦੀਆਂ ਹਨ।

ਵਾ:ਡਿਪਟੀ ਕਮਿਸ਼ਨਰ-ਕਮ-ਚੇਅਰਮੈਨ,
ਓਪਰੇਸ਼ਨ ਐਂਡ ਮੈਨਟੀਨੈਂਸ ਸੋਸਾਇਟੀ
ਮਾਨਸਾ।